This question paper contains 2 printed pages]

Roll No. | | | | | | | | | | | |

S. No. of Question Paper : **771**

Unique Paper Code : **212652** **D**

Name of the Paper : **Punjabi Discipline-B (Optional)**

Name of the Course : **B.A. (Programme), Punjabi Discipline Course-B**

Semester : **VI**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਪਾਠ-ਪੁਸਤਕ 'ਪੰਜਾਬੀ ਸਵੈ-ਜੀਵਨੀ ਅੰਸ਼' ਵਿਚਲੇ ਪਾਠ 'ਮੁਹੱਬਤ ਇਕ ਹਾਦਸਾ' ਵਿਚ ਲੇਖਿਕਾ ਬਚਿੰਤ ਕੌਰ ਕਿਹੋ ਜਿਹੀ ਸ਼ਖਸੀਅਤ ਪੇਸ਼ ਹੋਈ ਹੈ। 15

**ਜਾਂ**

'ਪੰਜਾਬੀ ਸਵੈ-ਜੀਵਨੀ ਅੰਸ਼' ਵਿਚੋਂ ਆਪਣੇ ਮਨ-ਪਸੰਦ ਕਿਸੇ **ਇਕ** ਸਵੈ-ਜੀਵਨੀ ਅੰਸ਼ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ:- 10

(ੳ) ਜੀਵਨੀ ਅਤੇ ਸਵੈ-ਜੀਵਨੀ ਵਿਚ ਅੰਤਰ ਸਮਝਾਓ।

(ਅ) ਕਿਸੇ ਇਕ ਸਵੈ-ਜੀਵਨੀ ਅੰਸ਼ ਦੀ ਮਹੱਤਵਪੂਰਨ ਘਟਨਾ ਉਪਰ ਸੰਖੇਪ ਨੋਟ ਲਿਖੋ।

3. ਪ੍ਰਿੰਟ ਮੀਡੀਆ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਤਾਰ ਸਹਿਤ ਚਰਚਾ ਕਰੋ। 15

**ਜਾਂ**

ਬਿਜਲੌਨਿਕ ਪੱਤਰਕਾਰੀ ਦੇ ਇਤਿਹਾਸਕ ਪੜਾਵਾਂ ਉਪਰ ਰੌਸ਼ਨੀ ਪਾਉ।

P.T.O.

4. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਦਾ ਸੰਖੇਪ ਉੱਤਰ ਦਿਉ:- 10

(ੳ) ਖ਼ਬਰੀ ਏਜੰਸੀਆਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿਉ।

(ਅ) ਸਾਈਬਰ ਮੀਡੀਆ ਦੇ ਅੰਗਾਂ ਉਪਰ ਸੰਖੇਪ ਨੋਟ ਲਿਖੋ।

(ੲ) ਹੇਠ ਲਿਖੇ ਸ਼ਬਦਾਂ ਵਿਚੋਂ ਕੋਈ **ਪੰਜ** ਸ਼ਬਦਾਂ ਦੀ ਪਰਿਭਾਸ਼ਾ ਦਿਉ।

Dry Run, Briefing, Clipping, Copy, T.R.P., Unit, Telecom

5. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ। 5

ਭਾਵੇਂ ਕੋਈ ਪੜ੍ਹਿਆ ਤੇ ਭਾਵੇਂ ਕੋਈ ਅਣਪੜ੍ਹਿਆ ਹੋਵੇ, ਭਾਵੇਂ ਉਸ ਕਦੇ ਪਿਆਰ ਕੀਤਾ ਹੋਵੇ ਜਾਂ ਸਦਾ ਪਿਆਰ ਨੂੰ ਤਾਹਨੇ ਮਾਰੇ ਹੋਣ, ਲਗਭਗ ਹਰ ਪੰਜਾਬੀ ਨੇ ਹੀਰ ਰਾਂਝਾ, ਸੱਸੀ ਪੁੰਨੂੰ, ਮਿਰਜ਼ਾ-ਸਾਹਿਬਾਂ, ਸ਼ੀਰੀ-ਫ਼ਰਿਹਾਦ, ਲੈਲਾ-ਮਜਨੂੰ ਦੀਆਂ ਕਹਾਣੀਆਂ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਪੜ੍ਹੀਆਂ ਹੁੰਦੀਆਂ ਹਨ। ਇਨ੍ਹਾਂ ਵਿਚੋਂ ਪਿਛਲੀਆਂ ਕਹਾਣੀਆਂ ਪ੍ਰਦੇਸੀ ਹੁੰਦਿਆਂ ਹੋਇਆਂ ਵੀ ਇੰਨੀਆਂ ਦੇਸੀ ਬਣ ਗਈਆਂ ਹਨ ਕਿ ਉਨ੍ਹਾਂ ਦੇ ਪ੍ਰਦੇਸੀ ਹੋਣ ਦਾ ਬਹੁਤਿਆਂ ਨੂੰ ਪਤਾ ਵੀ ਨਹੀਂ। ਪਰਮ ਗ੍ਰੰਥਾਂ ਵਿਚ ਇਨ੍ਹਾਂ ਦੇ ਪਿਆਰ ਦੀ ਕਥਾ ਰੱਬੀ ਪਿਆਰ ਦੇ ਨਾਲ ਤੋਲੀ ਗਈ ਹੈ। ਇਹ ਪਿਆਰ ਕਹਾਣੀਆਂ ਸਾਡੇ ਲੋਕ-ਗੀਤਾਂ ਦਾ ਅਮੁੱਕ ਵਿਸ਼ਾ ਤਾਂ ਹਨ ਹੀ, ਅੱਜ ਇਹ ਸਾਡੀਆਂ ਸਾਹਿਤ ਅਕੈਡਮੀਆਂ ਦੀ ਚਰਚਾ ਵੀ ਬਣ ਗਈਆਂ ਹਨ। ਇਨ੍ਹਾਂ ਉੱਤੇ ਖੋਜ ਨਿਬੰਧ ਛਾਪੇ ਜਾ ਰਹੇ ਹਨ।

(ੳ) ਕਿਹੜੀਆਂ ਕਹਾਣੀਆਂ ਦੇਸੀ ਬਣ ਗਈਆਂ ਹਨ?

(ਅ) ਪੈਰੇ ਦਾ ਸੰਖੇਪ ਭਾਵ ਆਪਣੇ ਸ਼ਬਦਾਂ ਵਿਚ ਲਿਖੋ।

(ੲ) ਪੰਜਾਬੀ ਕਿਹੜੀ ਗੱਲ ਤੋਂ ਅਨਜਾਣ ਹਨ?

(ਸ) ਪੈਰੇ ਵਿਚ ਲਕੀਰੇ 'ਅਮੁੱਕ' ਸ਼ਬਦ ਦੇ ਅਰਥ ਦੱਸੋ।

(ਹ) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਦਿਓ।

6. ਤੁਹਾਡੇ ਕਾਲਜ ਵਿਚ ਹੋਈਆਂ ਵਿਦਿਆਰਥੀ ਚੋਣਾਂ ਬਾਰੇ ਰਿਪੋਰਟ ਲਿਖੋ। 5

7. ਸਵਰ ਧੁਨੀਆਂ ਕਿਸ ਨੂੰ ਆਖਦੇ ਹਨ? ਉਦਾਹਰਨ ਸਹਿਤ ਸਪਸ਼ਟ ਕਰੋ। 5

8. ਕਿਸੇ ਮਨ-ਪਸੰਦ ਕਹਾਣੀ ਦਾ ਸੰਵਾਦਾਂ ਵਿਚ ਰੂਪਾਂਤਰਣ ਪੇਸ਼ ਕਰੋ। 10